# 'PARINDE JAAN HUN KITHE': NAAT-PAATH

# 'ਪਰਿੰਦੇ ਜਾਣ ਹੁਣ ਕਿੱਥੇ': ਨਾਟ-ਪਾਠ

**ਡਾ. ਸੋਨੀਆ ਦੇਵੀ (Dr. Sonia Devi)**

**ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,**

**ਦਸਮੇਸ਼ ਗ਼ਰਲਜ਼ ਕਾਲਜ, ਮੁਕੇਰੀਆਂ (ਪੰਜਾਬ)**

**Email ID: Soniad721@gmail.com ਮੋਬਾਈਲ: +91-94177-83247**

**ਸਾਰ (Abstract)**

*'ਪਰਿੰਦੇ ਜਾਣ ਹੁਣ ਕਿੱਥੇ' ਪੰਜਾਬੀ ਦੇ ਪ੍ਰਤੀਭਾਵਾਨ ਨਾਟ-ਰੰਗਕਰਮੀ ਡਾ. ਸਾਹਿਬ ਸਿੰਘ ਦਾ ਲਿਖਿਆ ਨਾਟਕ ਹੈ। ਨਾਟਕ 1947 ਦੀ ਦੇਸ਼ ਵੰਡ ਸਮੇਂ ਜਿਊਣ ਲਈ ਠਾਹਰ ਲੱਭਦੇ ਦੋ ਅਜਿਹੇ ਇਨਸਾਨਾਂ ਦੀ ਕਹਾਣੀ ਬਿਆਨ ਕਰਦਾ ਹੈ ਜਿਨ੍ਹਾਂ ਨੇ ਸਮਾਜਕ ਸਥਿਤੀਆਂ ਦੀ ਮਾਰ ਝੱਲਦਿਆਂ ਵਕਤ ਨਾਲ ਦਸਤਪੰਜਾ ਲੈ ਕੇ ਵੀ ਜਿਊਣ ਦਾ ਰਾਹ ਫੜੀ ਰੱਖਿਆ, ਹਾਰ ਨਹੀਂ ਮੰਨੀ। ਕਿਹਰੂ ਦਸ ਨੰਬਰੀਆ ਤੇ ਇਨੈਤੀ ਵੱਖੋ ਵੱਖਰੇ ਧਰਮਾਂ ਨਾਲ ਸੰਬੰਧ ਰੱਖਦੇ ਹਨ। ਇਨ੍ਹਾਂ ਦਾ ਬੁਝ੍ਹਾਂ ਮਾਰਿਆ ਜੀਵਨ ਉਦੋਂ ਸੰਪੂਰਨ ਹੁੰਦਾ ਹੈ ਜਦੋਂ ਦੋਵੇਂ ਇੱਕ ਦੂਜੇ ਨੂੰ ਪ੍ਰਵਾਨ ਕਰ ਲੈਂਦੇ ਹਨ। ਸਮੇਂ ਦਾ ਗੇੜ ਵੱਜਦਾ ਹੈ ਵੰਡ ਸਮੇਂ ਉਧਾਲੀਆਂ ਔਰਤਾਂ ਨੂੰ ਮੁੜ ਵਸੇਬੇ ਤਹਿਤ ਉਨ੍ਹਾਂ ਦੇ ਸਾਕ ਸੰਬੰਧੀਆਂ ਕੋਲ ਪਹੁੰਚਾਉਣ ਦਾ ਕਾਰਜ ਸਰਕਾਰਾਂ ਵੱਲੋਂ ਸ਼ੁਰੂ ਕੀਤਾ ਜਾਂਦਾ ਹੈ। ਇਨੈਤੀ ਉਧਾਲੀ ਹੋਈ ਔਰਤ ਨਾ ਹੋਣ ਦੇ ਬਾਵਜੂਦ ਵੀ ਇਸ ਮਾਰੂ ਸਥਿਤੀ ਦਾ ਸ਼ਿਕਾਰ ਹੁੰਦੀ ਹੈ ਕਿਉਂਕਿ ਧਰਮਾਂ ਦੀ ਆਪਸੀ ਨਫ਼ਰਤ ਕਾਰਨ ਹੌਲੇ ਕਿਰਦਾਰਾਂ ਵਾਲਿਆਂ ਨੂੰ ਇਹ ਬਿੱਲਕੁਲ ਮਨਜ਼ੂਰ ਨਹੀਂ ਕਿ ਇਕ ਮੁਸਲਮਾਨ ਔਰਤ ਤੇ ਉਹ ਵੀ ਸਿਰੇ ਦੀ ਸੋਹਣੀ ਕਹਿਰੂ ਵਰਗੇ ਇਨਸਾਨ ਦੇ ਘਰ ਨੂੰ ਸਵਰਗ ਬਣਾਵੇ। ਇਸ ਖੋਜ ਪੱਤਰ ਦਾ ਮੁੱਖ ਮੰਤਵ ਇਸ ਨਾਟਕ ਦੇ ਨਾਟ–ਪਾਠ ਦੀਆਂ ਬਹੁ ਪਰਤੀ ਤੇ ਬਹੁ ਸੰਦਰਭੀ ਸੰਭਾਵਨਾਵਾਂ ਨੂੰ ਵੱਖ–ਵੱਖ ਕੋਣਾਂ ਤੋਂ ਵਾਚਣਾ ਹੈ। ਇਸਦੇ ਨਾਲ ਹੀ ਇਹ ਦੇਖਣਾ ਵੀ ਬਣਦਾ ਹੈ ਕਿ ਪ੍ਰਤੀਕੂਲ ਸਥਿਤੀਆਂ ਵਿੱਚ ਮਨੁੱਖੀ ਵਿਹਾਰ ਕਿਵੇਂ ਤਬਦੀਲ ਹੁੰਦੇ ਹਨ, ਸਮਾਜਕ ਤਾਣਾ ਬਾਣਾ ਮਨੁੱਖ ਦੀ ਪਰਖ ਕਿਵੇਂ ਕਰਦਾ ਜਾਂ ਕਰਵਾਉਂਦਾ ਹੈ, ਰਾਜਸੀ ਆਗੂ ਵੱਡੀਆਂ ਵੱਡੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਦਿਸ਼ਾ ਵੱਲ ਤੁਰਨ ਲੱਗਿਆਂ ਸਾਧਾਰਨ ਬੰਦੇ ਨੂੰ ਚੇਤਨਾ ਦਾ ਹਿੱਸਾ ਕਿਉਂ ਨਹੀਂ ਬਣਾਉਂਦੇ?*

***ਕੀਵਰਡ (Keyword): ਡਾ. ਸਾਹਿਬ ਸਿੰਘ, ਪਰਿੰਦੇ ਜਾਣ ਹੁਣ ਕਿੱਥੇ, ਦੇਸ਼ ਵੰਡ, ਤ੍ਰਾਸਦਿਕ ਸਥਿਤੀ, ਭਾਵਨਾਤਮਕ ਦਮਨ, ਸਮਾਜਕ ਚੌਗਿਰਦੇ।***

'ਪਰਿੰਦੇ ਜਾਣ ਹੁਣ ਕਿੱਥੇ' ਡਾ. ਸਾਹਿਬ ਸਿੰਘ ਦੁਆਰਾ ਲਿਖਿਆ ਨਾਟਕ ਹੈ। ਡਾ. ਸਾਹਿਬ ਸਿੰਘ ਪੰਜਾਬੀ ਨਾਟ-ਮੰਚ ਜਗਤ ਦਾ ਅਜਿਹਾ ਨਾਟਕਕਾਰ, ਨਿਰਦੇਸ਼ਕ ਅਤੇ ਰੰਗਕਰਮੀ ਹੈ ਜਿਸਨੂੰ ਨਾਟ-ਮੰਚ ਨਾਲ ਮੁਹੱਬਤ ਹੈ। ਉਹ ਇਸ ਵਿਧਾ ਨੂੰ ਜਿਊਂਦਾ ਹੈ। ਉਸਦੇ ਅੰਦਰ ਮਾਨਵੀ ਮੁੱਲਾਂ ਨੂੰ ਜਿਊਂਦੇ ਰੱਖਣ ਦੀ ਤਾਂਘ ਹੈ। ਉਸ ਅੰਦਰ ਸੰਵੇਦਨਾਵਾਂ ਦਾ ਹੜ੍ਹ ਹੈ। ਮਨੁੱਖਾਂ ਨਾਲ ਕਿਸੇ ਵੀ ਰੂਪ ਵਿੱਚ ਤੇ ਕਿਸੇ ਵੀ ਥਾਂ ਤੇ ਹੁੰਦੇ ਧੱਕੇ ਨੂੰ ਉਹ ਮਹਿਸੂਸ ਕਰਦਾ ਹੈ ਤੇ ਨਾਟ ਸਿਰਜਣਾ ਦਾ ਰੂਪ ਦੇ ਕੇ ਮੰਚੀ ਪੇਸ਼ਕਾਰੀ ਰਾਹੀਂ ਦੱਬੀ ਲਤਾੜੀ ਧਿਰ ਦੇ ਹੱਕ ਵਿੱਚ ਖੜ੍ਹ ਕੇ ਆਵਾਜ਼ ਬੁਲੰਦ ਕਰਦਾ ਹੈ। ਹਥਲੇ ਖੋਜ ਪਰਚੇ ਰਾਹੀਂ 'ਪਰਿੰਦੇ ਜਾਣ ਹੁਣ ਕਿੱਥੇ' ਨਾਟਕ ਦੇ ਨਾਟ ਪਾਠ ਵਿੱਚੋਂ ਦ੍ਰਿਸ਼ਟੀਗੋਚਰ ਹੁੰਦੇ ਬਹੁਪਰਤੀ ਤੇ ਬਹੁਸੰਦਰਭੀ ਪ੍ਰਵਚਨ ਨੂੰ ਵਾਚ ਕੇ ਜਿੱਥੇ ਮਾਨਵੀ ਮੁੱਲਾਂ ਨੂੰ ਸਮਝਣ ਦਾ ਯਤਨ ਕੀਤਾ ਜਾਵੇਗਾ ਉੱਥੇ ਨਾਟਕਕਾਰ ਦੀ ਨਾਟ ਦ੍ਰਿਸ਼ਟੀ ਨੂੰ ਪਛਾਣਨ ਦਾ ਯਤਨ ਵੀ ਕੀਤਾ ਜਾਵੇਗਾ।

'ਪਰਿੰਦੇ ਜਾਣ ਹੁਣ ਕਿੱਥੇ' ਨਾਟਕ ਗੁਰਬਖ਼ਸ ਸਿੰਘ ਪ੍ਰੀਤਲੜੀ ਦੀ ਕਹਾਣੀ 'ਕਹਿਰੂ ਦਸ ਨੰਬਰੀਆ' ਤੇ ਆਧਾਰਿਤ ਹੈ। ਨਾਟਕਕਾਰ ਨੇ ਇਸ ਨੂੰ ਦਸ ਸੀਨਾਂ ਵਿੱਚ ਵਿਸਥਾਰਿਆ ਹੈ। ਨਾਟਕਕਾਰ ਨੇ ਕਹਾਣੀ ਦੇ ਮੂਲ ਥੀਮ ਵਿੱਚ ਪਈਆਂ ਸੰਭਾਵਨਾਵਾਂ ਨੂੰ ਉਜਾਗਰ ਕਰਕੇ ਨਾਟ-ਪਾਠ ਦੀ ਸਿਰਜਣਾ ਕੀਤੀ ਹੈ ਅਤੇ ਮੌਲਿਕ ਵਿਧੀਆਂ ਤੇ ਜੁਗਤਾਂ ਦਾ ਪ੍ਰਗਟਾਅ ਕੀਤਾ ਹੈ। ਹੁਣ ਤੱਕ ਪਿੰਡਾਂ, ਸ਼ਹਿਰਾਂ ਅਤੇ ਮਹਾਂਨਗਰਾਂ ਵਿੱਚ ਇਸ ਨਾਟਕ ਦੇ 451 ਸ਼ੋਅ ਪੇਸ਼ ਕੀਤੇ ਜਾ ਚੁੱਕੇ ਹਨ। ਨਾਟਕਕਾਰ ਨਾਟਕ ਲਿਖਣ ਦਾ ਕਾਰਨ ਉਸ ਅੰਦਰ ਉੱਠੇ ਅਹਿਸਾਸ ਨੂੰ ਦੱਸਦਾ ਹੈ। ਉਸਦੇ ਅਨੁਸਾਰ ਹਰ ਕਿਸੇ ਦਾ ਜ਼ਿੰਦਗੀ ਨੂੰ ਜਿਊਣ ਦਾ ਆਪਣਾ ਅੰਦਾਜ ਹੈ। ਉਸਦਾ ਸਵਾਲ ਹੈ ਕਿ-

> *"ਕਿਸੇ ਨੂੰ ਕੀ ਹੱਕ ਹੈ ਦੂਜੇ ਦੀ ਸਾਵੀਂ ਚੱਲਦੀ ਜ਼ਿੰਦਗੀ ਵਿੱਚ ਖਲਲ ਪਾਉਣ ਦਾ।"[1]*

ਇਤਿਹਾਸ ਗਵਾਹ ਹੈ ਮਨੁੱਖ ਜਿਊਣ ਦੇ ਹੱਕ ਲਈ ਹਮੇਸ਼ਾ ਸੰਘਰਸ਼ ਕਰਦਾ ਆਇਆ ਹੈ। ਇਹ ਹੱਕ ਉਹ ਆਪਣੇ ਲਈ ਹੀ ਨਹੀਂ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਸੁਰੱਖਿਅਤ ਕਰਦਾ ਹੈ ਇਹ ਸੰਦੇਸ਼ ਦੇ ਕੇ ਕਿ ਲੜਨਾ ਜਰੂਰੀ ਹੈ ਜਿਊਣ ਲਈ। ਨਾਟਕਕਾਰ ਨੇ 1947 ਦੀ ਦੇਸ਼ ਵੰਡ ਵਿੱਚ ਧਰਮ ਤੇ ਰਾਜਨੀਤੀ ਦੁਆਰਾ ਸਿਰਜੀ ਨਫਰਤ ਦੀ ਭੱਠੀ ਵਿੱਚ ਸੜਦੇ ਸਾਧਾਰਨ ਮਨੁੱਖਾਂ ਦੀ ਹੋਣੀ ਨੂੰ ਬਿਆਨ ਕੀਤਾ ਹੈ। ਭੀੜ ਮਾਨਸਿਕਤਾ ਅੰਨਿਆਂ ਵਾਂਗ ਬੇਮੁਹਾਰੀ ਹੋਈ ਕਿਵੇਂ ਉਜਾੜਾ ਕਰਦੀ ਹੈ ਇਸ ਤੇ ਵੀ ਝਾਤ ਪੁਆਈ ਹੈ। ਭੀੜ ਮਾਨਸਿਕਤਾ ਕਿੰਨਾ ਵਿਕਰਾਲ ਰੂਪ ਧਾਰਦੀ ਤੇ ਨੁਕਸਾਨ ਕਰਦੀ ਹੈ ਡਾ. ਸਰਬਜੀਤ ਸਿੰਘ ਲਿਖਦੇ ਹਨ-

*"ਸਾਹਿਬ ਸਿੰਘ ਦੀ ਨਾਟਕੀ ਟੈਕਸਟ ਵਿਚ ਭੀੜ ਮਾਨਸਿਕਤਾ ਦਾ ਇਕ ਨੁਕਤਾ ਪ੍ਰਵਾਹਤ ਹੈ ਕਿ 1947 ਦੀ ਵੰਡ ਸਮੇਂ ਭੀੜ ਮਾਨਸਿਕਤਾ ਕਿਵੇਂ ਦਰਿੰਦਗੀ ਵਿੱਚ ਪ੍ਰਵਰਤਿਤ ਹੋ ਕੇ ਜੰਗਲੀ ਬਣ ਜਾਂਦੀ ਹੈ... ਇਹ ਭੀੜ ਜਿੱਥੇ ਔਰਤ ਨੂੰ ਹੱਲਿਆਂ ਗੁੱਲਿਆਂ ਵਿਚ ਜੜੋਂ ਉਖਾੜ ਦਿੰਦੀ ਹੈ ਉੱਥੇ ਕਹਿਰੂ ਅਤੇ ਬੰਸੋ ਦੇ ਟਿਕਾਅ ਭਰੇ ਜੀਵਨ ਨੂੰ ਜ਼ਬਰਦਸਤੀ ਮੁੜ ਉਖਾੜ ਦਿੰਦੀ ਹੈ। ਸਾਹਿਬ ਸਿੰਘ ਇਸ ਉਖਾੜੇ ਦੀ ਸਥਿਤੀ ਵਿਚ ਔਰਤ ਦੀ ਕੁਰਲਾਹਟ ਵੀ ਦਿਖਾਉਂਦਾ ਹੈ। ਤੇ ਨਾਲ ਹੀ ਇਹ ਵੀ ਦਿਖਾ ਰਿਹਾ ਹੈ ਕਿ ਇਸ ਕੁਰਲਾਹਟ ਨੂੰ ਸਰਪੰਚ ਤਾਇਆ ਸਮਝ ਤਾਂ ਸਕਦਾ ਹੈ, ਆਪਣੀ ਹਮਦਰਦੀ ਪ੍ਰਗਟ ਕਰ ਸਕਦਾ ਹੈ ਪਰ ਭੀੜ ਮਾਨਸਿਕਤਾ ਅੱਗੇ ਅਤੇ ਕਾਨੂੰਨ ਅੱਗੇ ਕਰ ਕੁਝ ਨਹੀਂ ਸਕਦਾ।"*[2]

ਨਾਟਕ ਵਿੱਚ ਹਾਲਾਤਾਂ ਦੀ ਮਾਰੀ ਇਨੈਤੀ ਕੈਲੇ ਕੋਲੋਂ ਕਿਹਰੂ ਹੱਥ ਵਿਕਦੀ ਹੈ। ਉਸਨੂੰ ਕਿਹਰੂ ਦਾ ਘਰ ਆਪਣਾ ਜਾਪਣ ਲੱਗਦਾ ਹੈ। ਇਨੈਤੀ ਸਦਕਾ ਕਿਹਰੂ ਦਸ ਨੰਬਰੀਏ ਦੇ ਠੱਪੇ ਤੋਂ ਮੁਕਤ ਹੋ ਸਾਊ ਕਿਹਰ ਸਿੰਘ ਬਣ ਜਾਂਦਾ ਹੈ। ਕਿਰਤ ਧਾਰਨ ਕਰ ਹੱਥ ਕਹੀ ਫੜਦਾ ਹੈ। ਘਰ ਵਸਦਾ ਹੈ। ਇਨੈਤੀ ਕਿਹਰੂ ਦੀ ਹਰਬੰਸ ਕੌਰ (ਬੰਸੋ) ਬਣ ਜਾਂਦੀ ਹੈ। ਕਿਹਰੂ ਤੇ ਇਨੈਤੀ ਦਾ ਇੰਝ ਵਸਣਾ ਕੁੱਝ ਲੋਕਾਂ ਨੂੰ ਮਨਜੂਰ ਨਹੀਂ ਹੁੰਦਾ। ਸੰਤਾਪ ਦੀ ਸਮੱਸਿਆ ਇੱਥੋਂ ਹੀ ਉਗਮਦੀ ਹੈ। ਇਨੈਤੀ ਕਿਹਰੂ ਦੇ ਜੀਵਨ ਨੂੰ ਨਵੀਨ ਅਰਥ ਦੇ ਕੇ ਉਸਨੂੰ ਪੂਰਾ ਕਰਦੀ ਪ੍ਰਤੀਤ ਹੁੰਦੀ ਹੈ। ਜਦੋਂ ਮਰਦ ਔਰਤ ਦੇ ਅੰਤਰੀਵ ਮਨ ਨੂੰ ਪੜ੍ਹਨ ਤੇ ਸਿਆਣਨ ਲੱਗ ਜਾਏ ਉਦੋਂ ਮਰਦ ਦਾ ਕੱਦ ਹੋਰ ਉੱਚਾ ਹੋ ਜਾਂਦਾ ਹੈ ਤੇ ਪਿਤਰਕੀ ਸੋਚ ਟੁੱਟਣ ਲੱਗਦੀ ਹੈ। ਕਹੀ ਚੁੱਕੀ ਕਹਿਰੂ ਜਦ ਖੇਤਾਂ ਨੂੰ ਜਾਣ ਲੱਗਦਾ ਹੈ ਇਨੈਤੀ ਨੂੰ ਮਸਖਰੀ ਕਰਦਾ ਹੈ ਕਿ ਤੀਵੀਆਂ ਵਿਹਲੀਆਂ ਹੀ ਰਹਿੰਦੀਆਂ ਹਨ। ਉਹ ਮੋਹ ਵਸ ਬੰਸੋ ਨੂੰ ਆਖਦਾ ਹੈ ਤੂੰ ਮੂੰਹੋਂ ਭਾਵੇਂ ਕੁੱਝ ਨਾ ਬੋਲ ਪਰ ਮੈਂ ਮਹਿਸੂਸ ਕਰਦਾ ਹਾਂ ਜਿਵੇਂ ਤੂੰ ਮੈਨੂੰ ਕੁੱਝ ਕਹਿਣਾ ਚਾਹੁੰਦੀ ਹੋਵੇਂ:

*ਕਹਿਰੂ: (ਕਿਸੇ ਬੜੇ ਚਾਅ ਅਤੇ ਉਤਸ਼ਾਹ ਨਾਲ) ਇਨੈਤੀਏ, ਮੈਨੂੰ ਇਉਂ ਲਗਦਾ ਜਿਵੇਂ ਤੂੰ ਮੈਨੂੰ ਕਹਿ ਰਹੀ ਹੋਵੇਂ ਪਈ ਮੈਨੂੰ ਖੇਤਾਂ ਵਿੱਚ ਦੱਬ ਕੇ ਮਿਹਨਤ ਕਰਨੀ ਚਾਹੀਦੀ ਐ, ਸਾਰੇ ਪਿੰਡ ਨਾਲੋਂ ਵਧੀਆ ਫਸਲ ਪੈਦਾ ਕਰਨੀ ਚਾਹੀਦੀ ਐ।*[3]

ਇਨੈਤੀ ਇਸਲਾਮ ਧਰਮ 'ਚ ਪੈਦਾ ਹੋਈ ਪਰ ਕਿਹਰੂ ਵੱਲੋਂ ਗੁਰਦੁਆਰੇ ਦੇ ਭਾਈ ਕੋਲੋਂ ਕੱਢਵਾਏ ਨਾਂ ਹਰਬੰਸ ਕੌਰ ਰੱਖੇ ਜਾਣ ਤੇ ਬੁਰਾ ਨਹੀਂ ਮਨਾਉਂਦੀ ਉਹ ਖੁਸ਼ ਹੁੰਦੀ ਹੈ ਤੇ ਇਸਨੂੰ ਆਪਣੀ ਬਦਲੀ ਜ਼ਿੰਦਗੀ ਦਾ ਸੰਕੇਤ ਮੰਨਦੀ ਹੈ। ਅਜਿਹਾ ਵਾਪਰਨ ਦਾ ਕਾਰਨ ਤਾਏ ਨਾਲ ਹੋਈ ਉਸਦੀ ਗੱਲਬਾਤ ਤੋਂ ਸਪਸ਼ਟ ਹੁੰਦਾ ਹੈ :

***ਇਨੈਤੀ:*** *ਤਾਇਆ ਜੀ, ਮੈਂ ਆਪਣੀ ਜਿੰਦਗੀ ਵਿੱਚ ਐਨੇ ਦੁੱਖ ਦੇਖੇ ਨੇ ਕਿ ਹੁਣ ਜ਼ਰਾ ਕੁ ਪਿਆਰ ਮਿਲਦਾ ਐ ਤਾਂ ਮੈਥੋਂ ਸੰਭਾਲਿਆ ਨਹੀਂ ਜਾਂਦਾ... ਜਦ ਜਵਾਨ ਹੋਈ ਤਾਂ ਪਿੰਡ ਦੇ ਲੰਬੜਾ ਦੇ ਮੁੰਡੇ ਮੇਰੇ ਵੈਰੀ ਬਣ ਗਏ... ਮੇਰੇ ਵੱਲ ਇਵੇਂ ਝਾਕਦੇ ਜਿਵੇਂ ਮੈਂ ਕੋਈ ਭੇਡ-ਬੱਕਰੀ ਹੋਵਾਂ ਤੇ ਉਹ ਮੈਨੂੰ ਖਾ ਜਾਣਾ ਚਾਹੁੰਦੇ ਹੋਣ... ਘਰਦਿਆਂ ਨੇ ਤੰਗ ਹੋ ਕੇ ਮੇਰਾ ਵਿਆਹ ਇੱਕ ਦੁਹਾਜੂ ਨਾਲ ਕਰਨ ਦੀ ਸੋਚ ਲਈ... ਦੋ ਢਾਈ ਸੌ ਰੁਪਈਆ ਵੀ ਫੜ ਲਿਆ... ਮੈਨੂੰ ਆਪਣੇ ਘਰਦਿਆਂ ਤੇ ਡਾਢਾ ਗੁੱਸਾ ਆਇਆ... ਤੇ ਮੈਂ ਪਿੰਡ ਦੇ ਮੁੰਡੇ ਕੈਲੇ ਨਾਲ ਘਰੋਂ ਭੱਜ ਨਿਕਲੀ... ਪਰ ਕਿਸਮਤ ਨੂੰ ਕੁੱਝ ਹੋਰ ਹੀ ਮਨਜੂਰ ਸੀ... ਤੇ ਕੈਲਾ ਅੱਠ ਸੌ 'ਚ ਮੈਨੂੰ ਕਿਹਰੂ ਕੋਲ ਵੇਚ ਗਿਆ... ਪਰ ਹੁਣ...*

***ਤਾਇਆ:*** *ਹੁਣ ਕੀ ਧੀਏ... ?*

***ਇਨੈਤੀ:*** *ਹੁਣ ਮੈਨੂੰ ਲਗਦਾ ਐ, ਜਿਵੇਂ ਮੈਂ ਇੱਥੇ ਲਈ ਹੀ ਬਣੀ ਸਾਂ... ਮੈਨੂੰ ਇਹ ਘਰ ਆਪਣਾ-ਆਪਣਾ ਲਗਦਾ ਐ ਤੇ ਉਹ ਵੀ।*[4]

ਇਨੈਤੀ ਪਰਿਵਾਰ, ਸਮਾਜ ਤੇ ਮਰਦ ਤਿੰਨਾਂ ਵੱਲੋਂ ਨਿਰਾਸ਼ ਹੋਈ ਔਰਤ ਹੈ। ਸਮੇਂ ਨੇ ਉਸ ਨੂੰ ਜਿਸ ਸਥਿਤੀ ਵਿੱਚ ਸੁੱਟਿਆ ਉਸਨੇ ਉਸੇ ਸਥਿਤੀ ਨੂੰ ਸਿਰ ਤੇ ਝੱਲ ਲਿਆ, ਉਸ ਕੋਲ ਸਾਇਦ ਹੋਰ ਕੋਈ ਚਾਰਾ ਵੀ ਨਹੀਂ ਸੀ। ਪਰ ਕਹਿਰੂ ਤੋਂ ਉਸਨੂੰ ਪਿਆਰ ਤੇ ਸਤਿਕਾਰ ਦੋਨੋਂ ਮਿਲੇ। ਇਸੇ ਪਿਆਰ ਨੇ ਉਸਨੂੰ ਜੀਤੇ ਵਰਗੇ ਆਦਮੀ ਦਾ ਵਿਰੋਧ ਕਰਨ ਦੀ ਤਾਕਤ ਦਿੱਤੀ। ਜਦੋਂ ਜੀਤਾ ਬੁਰੀ ਨੀਅਤ ਨਾਲ ਉਸ ਵੱਲ ਵੱਧਦਾ ਹੈ ਤਾਂ ਉਹ ਦਾਤੀ ਫੜ ਲੈਂਦੀ ਹੈ :

***ਇਨੈਤੀ:*** *(ਪਿੱਛੇ ਹਟਦਿਆਂ) ਤੁਸੀਂ ਮੇਰੇ ਵੱਲ ਕਿਉਂ ਵਧ ਰਹੇ ਉਂ... ਦੇਖੋ*

*ਮੈਨੂੰ ਹੱਥ ਲੈਣ ਦੀ ਕੋਸ਼ਿਸ਼ ਨਾ ਕਰਨਾ ਨਹੀਂ ਤਾਂ ਮੈਂ...*

***ਜੀਤਾ:*** *ਨਹੀਂ ਤਾਂ ਕੀ*

***ਇਨੈਤੀ:*** *ਮੈਂ... (ਇੱਧਰ-ਉੱਧਰ ਦੇਖਦਿਆਂ ਇੱਕ ਦਾਤੀ ਚੁੱਕਦੀ ਹੈ) ਮੈਂ ਦਾਤੀ ਮਾਰਕੇ ਤੇਰਾ ਢਿੱਡ ਪਾੜ ਦਿਆਂਗੀ।*[5]

ਜੀਤਾ ਭਾਵੇਂ ਉਸਨੂੰ ਵਿਕੀ ਹੋਈ ਔਰਤ ਕਹਿ ਕੇ ਉਸਦੀ ਨਿਰਾਦਰੀ ਕਰਦਾ ਹੈ ਤੇ ਦਾਅਵਾ ਕਰਦਾ ਹੈ ਕਿ ਕਿਹਰੂ ਆਪ ਉਸਨੂੰ (ਇਨੈਤੀ ਨੂੰ) ਮੇਰੇ ਕੋਲ ਭੇਜੇਗਾ। ਪਰ ਇਨੈਤੀ ਉਸਦੇ ਸਾਹਮਣੇ ਕਿਹਰੂ ਤੇ ਅੱਲ੍ਹਾ ਵਰਗਾ ਭਰੋਸਾ ਹੋਣ ਦਾ ਦਮ ਭਰਦੀ ਹੈ।

ਨਾਟਕਕਾਰ ਸਵਾਲ ਉਠਾਉਂਦਾ ਹੈ ਉਨ੍ਹਾਂ ਸਰਕਾਰਾਂ ਤੇ ਜਿਹੜੀਆਂ ਆਪਣਿਆਂ ਦਾ ਘਾਣ ਕਰਕੇ, ਆਪਣਿਆਂ ਨੂੰ ਆਪਣਿਆਂ ਤੋਂ ਵਿਛੋੜ ਕੇ ਆਪਣਾ ਰਾਜ ਸਥਾਪਤ ਕਰਨਾ ਚਾਹੁੰਦੀਆਂ। ਨਾਟਕਕਾਰ ਜਾਣਦਾ ਹੈ ਕਿ ਆਜ਼ਾਦੀ ਦੇ 75 ਸਾਲਾਂ ਬਾਅਦ ਵੀ ਆਪਣੇ ਪਿੰਡੇ ਤੇ 47 ਹੰਢਾਉਣ ਵਾਲਿਆਂ ਦੇ ਜਖ਼ਮ ਅਜੇ ਅੱਲੇ ਹਨ। ਨਾਟਕ ਵਿੱਚ ਤਾਇਆ ਉਧਾਲੀਆਂ ਔਰਤਾਂ ਦੇ ਮੁੜ ਵਸੇਬੇ ਦਾ ਸੰਕੇਤ ਪਹਿਲਾਂ ਹੀ ਦੇ ਦਿੰਦਾ ਹੈ। ਨਾਟਕਕਾਰ ਸਮੇਂ ਦੀਆਂ ਸਰਕਾਰਾਂ ਵੱਲੋਂ ਸੰਤਾਪ ਹੰਢਾਉਣ ਵਾਲੀਆਂ ਔਰਤਾਂ ਦੇ ਮੁੜ ਵਸੇਬੇ ਦੇ ਕੀਤੇ ਐਲਾਨ ਤੇ ਤਿੱਖਾ ਵਿਅੰਗ ਕਰਦਾ ਹੈ। ਕਿਹਰੂ ਮਹਿਸੂਸ ਕਰਦਾ ਹੈ ਕਿ ਬੰਸੋ (ਇਨੈਤੀ) ਨੇ ਉਸਦੇ ਸਰੀਰ 'ਚ ਰੂਹ ਪਾਈ ਹੈ ਪਹਿਲਾਂ ਤਾਂ ਉਹ ਰੂਹ ਤੋਂ ਸੱਖਣਾ ਸੀ। ਬੰਸੋ ਲਈ ਉਹ ਕਾਨੂੰਨ ਨਾਲ ਵੀ ਮੱਥਾ ਲਾਉਣ ਲਈ ਤਿਆਰ ਹੋ ਜਾਂਦਾ ਹੈ। ਤਾਏ ਵੱਲੋਂ ਸਰਕਾਰਾਂ ਦੇ ਫੈਸਲਿਆਂ ਨੂੰ ਅਟੱਲ ਮੰਨਣ ਦੇ ਖਿਆਲ ਨੂੰ ਕਹਿਰੂ ਸਿਰੇ ਤੋਂ ਖਾਰਜ ਕਰਦਾ ਹੈ :

***ਤਾਇਆ:*** *ਪਰ ਬੱਲਿਆ ਇਹ ਸਰਕਾਰਾਂ ਦੇ ਫ਼ੈਸਲੇ ਨੇ, ਇਹਨਾਂ ਅੱਗੇ ਅਸੀਂ ਕਿਵੇਂ ਖੜ੍ਹ ਸਕਦੇ ਹਾਂ ?*

***ਕਿਹਰੂ:*** *ਸਰਕਾਰਾਂ ਦੇ ਫ਼ੈਸਲੇ ਜਾਂ ਚੰਦ ਬੇਵਕੂਫ਼ਾਂ ਦਾ ਕਮਲ...*

***ਤਾਇਆ:*** *ਬੇਵਕੂਫ਼ਾਂ ਦਾ ਕਮਲ...*

***ਕਿਹਰੂ:*** *ਹਾਂ ਬੇਵਕੂਫ਼ਾਂ ਦਾ ਕਮਲ... ਸਰਕਾਰਾਂ ਚਲਾਉਣ ਵਾਲਿਆਂ ਨੂੰ ਨਹੀਂ ਪਤਾ ਕਿ ਠੀਕ ਕੀ ਐ ਤੇ ਗਲ਼ਤ ਕੀ ਐ... ਇੱਕ ਹਸਦੇ ਵਸਦੇ ਘਰ ਨੂੰ ਉਜਾੜ ਦੇਣਾ ਕੀ ਕਿਸੇ ਸਿਆਣੀ ਸਰਕਾਰ ਦਾ ਕੰਮ ਹੋ ਸਕਦਾ ਐ... ਅਕਲ ਦੇ ਅੰਨਿਆਂ ਦੇ ਹੱਥ ਫੜਾਤੀ ਸਰਕਾਰ... ਅਖੇ ਗੋਰਿਆਂ ਨੂੰ ਦੇਸੋਂ ਬਾਹਰ ਕੱਢ ਕੇ ਆਪਣੀ ਸਰਕਾਰ ਬਣਾਵਾਂਗੇ, ਆਪਣੇ ਲੋਕਾਂ ਬਾਰੇ ਸੋਚਾਂਗੇ... ਆਹ ਐ ਆਪਣੀ ਸਰਕਾਰ! ਆਹ ਸੋਚਿਆ ਆਪਣੇ ਲੋਕਾਂ ਲਈ... ਇੱਕ ਤੀਵੀਂ ਜਿਹੜੀ ਇਸ ਘਰ ਵਿੱਚ ਬਾਰਾਂ ਸਾਲਾਂ ਤੋਂ ਰਹਿ ਰਹੀ ਐ ਉਸਨੂੰ ਅੱਜ ਸਿਰਫ਼ ਇਸ ਕਰਕੇ ਪਾਕਿਸਤਾਨ ਚਲੇ ਜਾਣਾ ਚਾਹੀਦੈ ਕਿਉਂਕਿ ਜਦੋਂ ਉਹ ਜੰਮੀ ਸੀ ਤਾਂ ਉਹਦਾ ਪਿਉ ਨਮਾਜ਼ ਪੜ੍ਹਦਾ ਸੀ! ਇਸ ਘਰ 'ਚ ਜਿਹੜੀ ਜਿੰਦਗੀ ਉਹਨੇ ਬਸਰ ਕੀਤੀ ਐ ਉਹਦੇ ਬਾਰੇ ਕੁਸ਼ ਨੀ ਜਾਣਦੀ ਇਹ ਕਮਲੀ ਸਰਕਾਰ... ਤਾਇਆ ਐਹੋ ਜਿਹੀ ਕਮਲੀ ਸਰਕਾਰ ਦਾ ਫ਼ੈਸਲਾ ਮੇਰੇ ਤੋਂ ਨਹੀਂ ਮੰਨਿਆ ਜਾਂਦਾ।*[6]

ਕਿਹਰੂ ਲਈ ਬੰਸੋ ਸਾਧਾਰਨ ਔਰਤ ਨਹੀਂ। ਬੰਸੋ ਦੀ 12 ਸਾਲ ਦੀ ਤਪੱਸਿਆ ਨੇ ਉਸਨੂੰ ਦਸ ਨੰਬਰੀਏ ਤੋਂ ਸਾਊ ਬੰਦਾ ਬਣਾਇਆ, ਕਿਹਰੂ ਨੂੰ ਗੰਡਾਸਾ ਛੱਡ ਦਾਤੀ ਕਹੀ ਨਾਲ ਪਿਆਰ ਕਰਨਾ ਸਿਖਾਇਆ ਤੇ ਕਿਰਤ 'ਚੋਂ ਸਵਾਦ ਲੈਣ ਦੀ ਜੁਗਤ ਸਿਖਾਈ। ਉਹ ਕਹਿਰੂ ਲਈ ਪ੍ਰੇਰਣਾ ਹੈ। ਤਾਏ ਵੱਲੋਂ ਬੰਸੋ ਦੇ ਖਰੀਦੇ ਵੇਚੇ ਜਾਣ ਦੀ ਗੱਲ ਤੇ ਕਹਿਰੂ ਆਖਦਾ ਹੈ :

***ਕਹਿਰੂ:*** *ਤਾਇਆ ਮੇਰੇ ਕੋਲ ਆਣ ਤੋਂ ਪਹਿਲਾਂ ਉਹ ਲੱਖ ਵਾਰ ਵਿਕੀ ਹੋਵੇ ਪਰ ਇੱਥੇ ਆਣ ਕੇ ਉਹ ਵਿਕੀ ਨਹੀਂ... ਚਾਹੇ ਮੈਂ ਵੀ ਅੱਠ ਸੌ ਰੁਪਈਆ ਕੈਲੇ ਨੂੰ ਦਿੱਤਾ ਸੀ ਪਰ ਸੱਚ ਜਾਣੀਂ ਮੈਂ ਬੰਸੋ ਨੂੰ ਖ੍ਰੀਦ ਨਹੀਂ ਸਕਿਆ... ਨਾਲੇ ਮੇਰੀ ਬੰਸੋ ਦੀ ਕੀਮਤ ਅੱਠ ਸੌ ਨਹੀਂ, ਉਹਨੂੰ ਤਾਂ ਕੋਈ ਕਰੋੜਾਂ 'ਚ ਨਾ ਖਰੀਦ ਸਕੇ।*[7]

ਬੰਸੋ ਕਈ ਵਾਰ ਬੇਘਰ ਹੋਈ ਪਰ ਕਿਹਰੂ ਦਾ ਘਰ ਉਸਦਾ ਪੱਕਾ ਠਾਹਰ ਬਣ ਚੁੱਕਾ ਸੀ। ਉਸਨੂੰ ਨਵੇਂ ਮੁਲਕ ਦੀ ਕੋਈ ਖਾਹਸ਼ ਨਹੀਂ ਉਹ ਤਾਂ ਬਸ ਜਿਊਣਾ ਲੋਚਦੀ ਹੈ ਆਪਣੇ ਪਰਿਵਾਰ ਨਾਲ ਰਹਿ ਕੇ। ਜਦੋਂ ਮਲੂਕ ਸਿੰਘ ਤੇ ਜੀਤੇ ਵਰਗੇ ਲੋਕ ਪੂਰੇ ਪਿੰਡ ਨੂੰ ਭੜਕਾ ਦਿੰਦੇ ਹਨ। ਸਰਪੰਚ ਤੇ ਚੌਧਰੀ ਦਬਾਅ ਹੇਠ ਕਹਿਰੂ ਤੇ ਬੰਸੋ ਨੂੰ ਥਾਣੇਦਾਰ ਸਾਹਮਣੇ ਬੁਲਾਉਂਦੇ ਹਨ ਤਾਂ ਕਹਿਰੂ ਕਿਸੇ ਦੀ ਵੀ ਮੰਨਣ ਲਈ ਤਿਆਰ ਨਹੀਂ ਹੁੰਦਾ। ਬੰਸੋ ਥਾਣੇਦਾਰ ਸਾਹਮਣੇ ਆਪਣਾ ਪੱਖ ਰੱਖਦੀ ਆਖਦੀ ਹੈ :

***ਬੰਸੋ:*** *ਸਾਨੂੰ ਨਹੀਂ ਚਾਹੀਦੇ ਐਹੇ ਜਿਹੇ ਮੁਲਕ ਜਿੱਥੇ ਦੋ ਜਣਿਆਂ ਨੂੰ ਸਿਰਫ਼ ਇਸ ਕਰਕੇ ਅਲੱਗ ਕੀਤਾ ਜਾ ਰਿਹੈ ਕਿ ਇਕ ਦੇ ਮੂੰਹੋਂ ਵਾਲੇਕਮ ਸਲਾਮ ਨਿਕਲਦਾ ਸੀ ਤੇ ਦੂਜੇ ਦੇ ਮੂੰਹੋਂ ਵਾਹਿਗੁਰੂ... ਸਾਨੂੰ ਨਹੀਂ ਚਾਹੀਦੇ ਐਹੇ ਜਿਹੇ ਕਾਨੂੰਨ ਜਿਹੜੇ ਵਸਦੇ ਘਰਾਂ ਨੂੰ ਉਜਾੜਨ ਲਈ ਬਣੇ ਹੋਣ... ਮੈਨੂੰ ਨਹੀਂ ਚਾਹੀਦਾ ਪਾਕਿਸਤਾਨ ਤੇ ਨਾ ਈ ਹਿੰਦੁਸਤਾਨ... ਮੈਨੂੰ ਤਾਂ ਸਿਰਫ਼ ਆਪਣਾ ਘਰ ਚਾਹੀਦੈ, ਜਿਸਨੂੰ ਮੈਂ*

*ਆਪਣੇ ਹੱਥੀਂ ਬਣਾਇਆ।* [8]

ਇਹ ਵੱਡਾ ਸੱਚ ਹੈ ਜਿਸ ਧਰਤੀ ਤੇ ਜਿਨ੍ਹਾਂ ਗਲੀਆਂ ਵਿੱਚ, ਮਨੁੱਖ ਜੰਮਦਾ ਤੇ ਪਰਵਾਨ ਚੜ੍ਹਦਾ ਹੈ ਜਿੱਥੇ ਉਹ ਰੀਝਾਂ ਨਾਲ ਚੰਗੇ ਜੀਵਨ ਦੇ ਸੁਪਨੇ ਦੇਖਦਾ ਹੈ ਉੱਥੋਂ ਦੀ ਮਹਿਕ ਬੰਦੇ ਦੇ ਵਜੂਦ ਅੰਦਰ ਵਸੀ ਹੁੰਦੀ ਹੈ। ਜਿੱਥੇ ਜਜ਼ਬਾਤ ਉਸਰੇ ਹੋਣ, ਜਿੱਥੇ ਰਿਸ਼ਤੇ ਸਮਝ ਦਾ ਹਿੱਸਾ ਬਣੇ ਹੋਣ ਉਸ ਥਾਂ ਅਤੇ ਰਿਸ਼ਤੇ ਨੂੰ ਛੱਡਣਾ ਸੌਖਾ ਨਹੀਂ ਸਗੋਂ ਮੌਤ ਦੇ ਤੁੱਲ ਹੁੰਦਾ ਹੈ। ਬੰਸੋ (ਇਨੈਤੀ) ਤੇ ਕਿਹਰੂ ਮੌਤ ਦਾ ਸਾਹਮਣਾ ਕਰਦੇ ਹਨ।

ਕਹਿਰੂ ਪਿੰਡ ਵਾਲਿਆਂ ਦੇ ਵਰਤਾਓ 'ਤੇ ਹੈਰਾਨ ਹੁੰਦਾ ਹੈ। ਜਿਹੜੇ ਉਸ ਤੋਂ ਤ੍ਰਾਹ-ਤ੍ਰਾਹ ਡਰਦੇ ਸਨ ਅੱਜ ਉਸ ਨੂੰ ਉਜਾੜਨ 'ਚ ਸ਼ਰੀਕ ਹਨ। ਤਾਇਆ ਬੰਸੋ ਨੂੰ ਖ਼ੂਨ ਖਰਾਬਾ ਹੋਣੋਂ ਰੋਕਣ ਲਈ ਤਰਲੇ ਕੱਢਦਾ ਹੈ ਤੇ ਪਾਕਿਸਤਾਨ ਜਾਣ ਲਈ ਮਨਾਉਂਦਾ ਹੈ। ਬੰਸੋ ਨਾ ਚਾਹੁੰਦੇ ਹੋਏ ਵੀ ਫੈਸਲਾ ਲੈਣ ਲਈ ਮਜਬੂਰ ਹੈ। ਉਹ ਤਾਏ ਨੂੰ ਆਖਦੀ ਹੈ :

***ਬੰਸੋ:*** *ਤੁਹਾਡੇ ਫ਼ੈਸਲਿਆਂ 'ਚ ਕੋਈ ਵੀ ਫੈਸਲਾ ਮੇਰੇ ਹੱਕ ਦਾ ਨਹੀਂ, ਮੈਂ ਆਪਣੀ ਫਰਿਆਦ ਕਿਹਦੇ ਅੱਗੇ ਜਾ ਕੇ ਰੋਵਾਂ... ਕਿਸਨੂੰ ਕਹਾਂ ਕਿ ਮੈਂ ਹੁਣ ਹੋਰ ਵਿਕਣਾ ਨਹੀਂ ਚਾਹੁੰਦੀ... ਮੈਨੂੰ ਕੋਈ ਵੀ ਖ਼੍ਰੀਦਣ ਦੀ ਕੋਸ਼ਿਸ਼ ਨਾ ਕਰੇ।* [9]

ਤਾਇਆ ਬੰਸੋ ਦੇ ਪਾਕਿਸਤਾਨ ਚਲੇ ਜਾਣ ਦੇ ਫੈਸਲੇ ਦਾ ਸਵਾਗਤ ਕਰਦਾ ਉਸਨੂੰ ਦੇਵੀ ਆਖਦਾ ਹੈ, ਪਰ ਬੰਸੋ ਤਾਏ ਨੂੰ ਸੱਚ ਸੁਣਾਉਂਦੀ ਹੈ :

***ਬੰਸੋ:*** *ਮੈਂ ਦੇਵੀ ਬਣਨਾ ਨਹੀਂ ਚਾਹੁੰਦੀ ਤਾਇਆ ਜੀ... ਮੈਂ ਸਿਰਫ਼ ਬੰਸੋ ਬਣਕੇ ਰਹਿਣਾ ਚਾਹੁੰਨੀ ਆਂ... ਆਪਣੇ ਕਿਹਰੂ ਦੀ ਬੰਸੋ... ਮੈਨੂੰ ਦੇਵੀ ਬਣਾ ਕੇ ਮੇਰੀ ਬਲੀ ਨਾ ਦਿਉ, ਮੈਨੂੰ ਮੇਰੇ ਇਸ ਘਰ ਵਿੱਚ ਰਹਿਣ ਦਿਉ ਤਾਇਆ ਜੀ।* [10]

ਬੰਸੋ ਜਾਣਦੀ ਹੈ ਭਾਵੇਂ ਸਰਕਾਰਾਂ ਨਾਲ ਮੱਥੇ ਲਾਉਣੇ ਸੌਖੇ ਨਹੀਂ ਪਰ ਕਿਹਰੂ ਬੰਸੋ ਲਈ ਟੱਕਰ ਲੈ ਸਕਦਾ ਹੈ ਤੇ ਅਸਾਵੀਂ ਜੰਗ ਵਿੱਚ ਮੌਤ ਦੀ ਪਰਵਾਹ ਵੀ ਨਹੀਂ ਕਰੇਗਾ। ਉਹ ਇਕ ਹੋਰ ਕੁਰਬਾਨੀ ਦੇਣ ਲਈ ਤਿਆਰ ਹੁੰਦੀ ਹੈ ਕਿਹਰੂ ਨੂੰ ਸਮਝਾਉਂਦੀ ਹੈ :

***ਬੰਸੋ:*** *ਮੈਂ ਸਭ ਕੁੱਝ ਭੁੱਲ ਜਾਵਾਂਗੀ ਦੀਪੇ ਦੇ ਬਾਪੂ... ਸਭ ਕੁੱਝ...ਤੇ ਸਿਰਫ਼ ਇੰਨਾ ਯਾਦ ਰੱਖਾਂਗੀ ਕਿ ਕੁੱਝ ਦੇਰ ਲਈ ਤੇਰੇ ਮੱਥੇ ਉੱਤੇ ਹਿੰਦੁਸਤਾਨ ਉੱਗ ਆਇਆ ਤੇ ਮੇਰੇ ਮੱਥੇ ਉੱਤੇ ਪਾਕਿਸਤਾਨ।*

***ਕਿਹਰੂ:*** *ਬੰਸੋ*

***ਬੰਸੋ:*** *ਪਰ ਤੂੰ ਹੌਸਲਾ ਰੱਖੀਂ, ਉਹ ਦਿਨ ਜ਼ਰੂਰ ਆਵੇਗਾ ਜਦੋਂ ਅਸੀਂ ਆਪਣੇ ਆਪਣੇ ਮੱਥਿਆਂ ਤੋਂ ਇਹ ਮੁਲਕਾਂ ਦੀਆਂ ਲੀਕਾਂ ਮਿਟਾ ਦਿਆਂਗੇ ਅਤੇ ਇੱਕ ਦੂਜੇ ਦੇ ਮੱਥੇ 'ਤੇ ਆਪਣਾ ਨਾਮ ਲਿਖਾਂਗੇ।* [11]

ਨਾਟਕਕਾਰ ਨੇ ਵਿਲੱਖਣ ਸੂਝ ਦਾ ਪ੍ਰਮਾਣ ਦਿੰਦਿਆਂ ਰਿਸ਼ਤਿਆਂ ਦੀ ਅਨੋਖੀ ਮਿਸਾਲ ਪੇਸ਼ ਕੀਤੀ ਹੈ। ਬੰਸੋ ਤੇ ਕਿਹਰੂ ਵਿਛੜਨ ਸਮੇਂ ਸੁਆਰਥੀ ਨਹੀਂ ਬਣਦੇ ਉਹ ਬੱਚੇ ਲਈ ਖਿੱਚੋਤਾਣ ਨਹੀਂ ਕਰਦੇ, ਸ਼ਬਦਾਂ 'ਚ ਭਾਵ ਡਲਕਦੇ ਨੇ ਤੇ ਦਰਦ ਡੁੱਲ੍ਹ - ਡੁੱਲ੍ਹ ਪੈਂਦਾ ਹੈ;

**ਬੰਸੋ:** ਹਾਂ ਦੀਪੇ ਦੇ ਬਾਪੂ... ਮੈਂ ਵਾਪਸ ਆਵਾਂਗੀ, ਛੇਤੀ

**ਕਿਹਰੂ:** ਬੰਸੋ, ਤੂੰ ਆਏਂਗੀ ਨਾ

**ਬੰਸੋ:** ਮੇਰੇ ਤੇ ਭਰੋਸਾ ਨਹੀਂ

**ਕਹਿਰੂ:** ਭਰੋਸੇ ਵਰਗਾ ਭਰੋਸਾ! ਫਿਰ ਐਂ ਕਰ ਉਨੀਂ ਦੇਰ ਤੂੰ ਦੀਪੇ ਨੂੰ ਮੇਰੇ ਕੋਲ ਛੱਡ ਜਾ

**ਬੰਸੋ:** ਦੀਪੇ ਦੇ ਬਾਪੂ, ਇਸ ਘਰ 'ਚ ਇਹੋ ਜਿਹੀ ਕੋਈ ਜਗ੍ਹਾ ਨਹੀਂ ਜਿੱਥੇ ਮੇਰੀ ਨਿਸ਼ਾਨੀ ਨਾਂ ਹੋਵੇ... ਖੇਤਾਂ 'ਚ, ਖੇਤਾਂ ਦੇ ਬੰਨਿਆਂ 'ਤੇ... ਹਰ ਖੂੰਜੇ, ਹਰ ਨੁੱਕਰੇ ਮੇਰੀਆਂ ਨਿਸ਼ਾਨੀਆਂ ਨੇ... ਤੇ ਮੇਰੇ ਕੋਲ ਲਾ ਪਾ ਕੇ ਤੇਰੀ ਇੱਕੋ ਨਿਸ਼ਾਨੀ ਐ... ਦੀਪਾ... ਉਹਨੂੰ ਤਾਂ ਮੇਰੇ ਨਾਲ ਜਾ ਲੈਣ ਦੇ[12]

ਬੰਸੋ ਬੜੇ ਵਿਸ਼ਵਾਸ਼ ਨਾਲ ਵਾਪਸੀ ਦਾ ਵਾਅਦਾ ਕਰਦੀ ਹੈ ਤੇ ਕਿਹਰੂ ਉਸਤੋਂ ਵੀ ਵੱਡੇ ਵਿਸ਼ਵਾਸ਼ ਨਾਲ ਮੁੜਨ ਦੇ ਵਾਅਦੇ ਤੇ ਯਕੀਨ ਰੱਖਦਾ ਹੈ।

ਨਾਟਕਕਾਰ ਨੇ ਵਿਸ਼ੇ ਦਾ ਨਿਭਾਅ ਖੂਬਸੂਰਤੀ ਸੰਗ ਕੀਤਾ ਹੈ। ਮੁੱਖ ਵਿਸ਼ੇ ਨਾਲ ਸਿਆਸੀ, ਸਮਾਜਕ, ਭਾਈਚਾਰਕ ਸੰਬੰਧਾਂ ਦੀ ਝਲਕ ਵੀ ਪੇਸ਼ ਹੋਈ ਹੈ। ਸਭ ਤੋਂ ਵੱਡੀ ਗੱਲ ਨਾਟਕੀ ਵਿਧੀ ਵਿਧਾਨ ਨੂੰ ਪੇਸ਼ ਕਰਨ ਵਿੱਚ ਨਾਟਕਕਾਰ ਦੀ ਸਪਸ਼ਟ ਦ੍ਰਿਸ਼ਟੀ ਨੂੰ ਸਮਝਿਆ ਜਾ ਸਕਦਾ ਹੈ। ਨਾਟਕਕਾਰ ਇਕ ਰੰਗਕਰਮੀ ਤੇ ਅਦਾਕਾਰ ਵੀ ਹੈ ਜਿਸ ਕਰਕੇ ਉਹ ਨਾਟ ਮੰਚ ਦੇ ਸਮੁੱਚੇ ਤੇ ਵਿਸ਼ੇਸ਼ ਵਿਧੀ ਵਿਧਾਨ ਤੋਂ ਸੁਚੇਤ ਹੈ। ਪਾਤਰਾਂ ਦੀ ਭੂਮਿਕਾ ਯਥਾਰਥਕ ਹੈ ਜੀਵਨ ਪ੍ਰਤੀ ਸਾਰੇ ਪਾਤਰਾਂ ਦਾ ਵੱਖੋ – ਵੱਖਰਾ ਦ੍ਰਿਸ਼ਟੀਕੋਣ ਬਾਖੂਬੀ ਪੇਸ਼ ਹੋਇਆ ਹੈ। ਉਨ੍ਹਾਂ ਦੇ ਸੰਵਾਦ ਤੇ ਬੋਲੀ ਪਾਤਰਾਂ ਦੇ ਬਿਲਕੁਲ ਅਨੁਕੂਲ ਵਰਤੀ

ਗਈ ਹੈ। ਸਮੁੱਚਾ ਨਾਟਕ ਮੰਚੀ ਸੰਭਾਵਨਾਵਾਂ ਨਾਲ ਭਰਪੂਰ ਹੈ। ਡਾ. ਸਰਬਜੀਤ ਸਿੰਘ ਲਿਖਦੇ ਹਨ-

> *"ਰੰਗਮੰਚੀ ਸੂਝ ਅਤੇ ਚੇਤਨਾ ਵਾਲਾ ਚੇਤੰਨ ਕਲਾਕਾਰ ਨਾਟ-ਪਾਠ ਨੂੰ ਮੰਚ-ਦ੍ਰਿਸ਼ਟੀ ਤੋਂ ਉਸਾਰ ਕੇ ਨਾਟਕ ਨੂੰ ਸਿਰਫ਼ ਪੜ੍ਹਨ ਦੀ ਸ਼ੈਅ ਹੀ ਨਹੀਂ ਸਗੋਂ ਪੇਸ਼ਕਾਰੀ ਦੀ ਕਲਾ (Performing Art) ਵਿਚ ਢਾਲ ਦਿੰਦਾ ਹੈ। ਨਾਟ-ਰਚਨਾ ਲਈ ਰੰਗ-ਮੰਚੀ ਯੋਗਤਾ ਦਾ ਹੋਣਾ ਜ਼ਰੂਰੀ ਹੈ। ਸਾਹਿਬ ਸਿੰਘ ਵਿਚ ਇਹ ਦੋਵੇਂ ਯੋਗਤਾਵਾਂ (ਨਾਟ ਰਚਨਾ ਅਤੇ ਰੰਗ ਮੰਚੀ ਯੋਗਤਾ) ਹਨ।"[13]*

'ਪਰਿੰਦੇ ਜਾਣ ਹੁਣ ਕਿੱਥੇ' ਨਾਟਕ ਵਿੱਚ ਸਥਿਤੀਆਂ ਦੀ ਸੰਵੇਦਨਸੀਲਤਾ ਦੀ ਪੇਸ਼ਕਾਰੀ ਲਈ ਪੇਸ਼ ਕੀਤੇ ਨਾਟਕੀ ਗੀਤ ਵਿਸ਼ੇਸ਼ ਥਾਂ ਰੱਖਦੇ ਹਨ। ਸੋ ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਇਸ ਨਾਟਕ ਦਾ ਸਮੁੱਚਾ ਨਾਟ-ਪਾਠ ਮੰਚੀ ਸੰਭਾਵਨਾਵਾਂ ਨਾਲ ਲਬਰੇਜ਼ ਹੈ।

## ***ਹਵਾਲੇ ਅਤੇ ਟਿੱਪਣੀਆਂ***


1. *ਡਾ. ਸਾਹਿਬ ਸਿੰਘ, ਇਕ ਤਕਲੀਫ ਦਾ ਵਰਣਨ, ਪਰਿੰਦੇ ਜਾਣ ਹੁਣ ਕਿੱਥੇ, ਪੰਨਾ: 18*
2. *ਡਾ. ਸਰਬਜੀਤ ਸਿੰਘ, ਭੂਮਿਕਾ, ਪਰਿੰਦੇ ਜਾਣ ਹੁਣ ਕਿੱਥੇ, ਪੰਨਾ: 15*
3. *ਡਾ. ਸਾਹਿਬ ਸਿੰਘ, ਪਰਿੰਦੇ ਜਾਣ ਹੁਣ ਕਿੱਥੇ, ਪੰਨਾ: 34*
4. *ਉਹੀ, ਪੰਨਾ: 38*
5. *ਉਹੀ, ਪੰਨਾ: 36*
6. *ਉਹੀ, ਪੰਨਾ: 53-54*
7. *ਉਹੀ, ਪੰਨਾ: 55*
8. *ਉਹੀ, ਪੰਨਾ: 68*
9. *ਉਹੀ, ਪੰਨਾ: 63*
10. *ਉਹੀ*
11. *ਉਹੀ, ਪੰਨਾ: 72-73*
12. *ਉਹੀ, ਪੰਨਾ: 73*
13. *ਡਾ. ਸਰਬਜੀਤ ਸਿੰਘ, ਭੂਮਿਕਾ, ਪਰਿੰਦੇ ਜਾਣ ਹੁਣ ਕਿੱਥੇ, ਪੰਨਾ:9*